# ਦੇਸ਼ ਸੇਵਕ

ਚੰਡੀਗੜ੍ਹ, ਐਤਵਾਰ 26 ਸਤੰਬਰ, 1999


ਵਿਚਾਰ-ਚਰਚਾ


ਗੁਰਸ਼ਰਨ ਸਿੰਘ


## ਦਹਿਕਦੇ ਅੰਗਿਆਰਾਂ 'ਤੇ ਗਾਉਂਦੇ ਰਹੇ ਨੇ ਲੋਕ

ਉਪਰਲੀਆਂ ਸਤਰਾਂ ਪਾਸ਼ ਦੀ ਇਕ ਪ੍ਰਸਿੱਧ ਗ਼ਜ਼ਲ ਦੀਆਂ ਪਹਿਲੀਆਂ ਸਤਰਾਂ ਹਨ। ਪੂਰਾ ਸ਼ੇਅਰ ਹੈ :

**ਦਹਿਕਦੇ ਅੰਗਿਆਰਾਂ 'ਤੇ ਗਾਉਂਦੇ ਰਹੇ ਨੇ ਲੋਕ**
*ਇਸ ਤਰ੍ਹਾਂ ਵੀ ਰਾਤ ਰੁਸ਼ਨਾਉਂਦੇ ਰਹੇ ਨੇ ਲੋਕ*

ਇਸ ਸਾਰੀ ਗ਼ਜ਼ਲ ਦਾ ਲਿਖਣਾ ਉਨ੍ਹਾਂ ਲੋਕਾਂ ਨੂੰ ਯਾਦ ਕਰਨਾ ਹੈ ਜੋ ਸੰਘਰਸ਼ ਕਰਕੇ ਜ਼ਿੰਦਗੀ ਨੂੰ ਚੰਗਾ ਬਣਾਉਣ ਦਾ ਯਤਨ ਕਰਦੇ ਰਹੇ। ਇਨ੍ਹਾਂ ਲੋਕਾਂ ਦੀ ਯਾਦ ਆਉਂਦੀ ਹੈ , ਜਦੋਂ ਦੇਸ਼ ਭਗਤ ਹਾਲ ਜਲੰਧਰ ਵਿਚ ਤੁਸੀਂ ਜਾਵੋ। ਹਾਲ ਵਿਚ ਉਨ੍ਹਾਂ ਸੂਰਮਿਆਂ ਦੀਆਂ ਫੋਟੋਆਂ ਹਨ ਜਿਨ੍ਹਾਂ ਨੇ ਗੁਲਾਮੀ ਦੇ ਸੰਗਲ ਤੋੜਨ ਲਈ ਵੱਡੀਆਂ ਕੁਰਬਾਨੀਆਂ ਦਿੱਤੀਆਂ। ਉਨ੍ਹਾਂ ਨੇ ਜੇਲ੍ਹਾਂ ਵਿਚ ਤਸੀਹੇ ਸਹੇ, ਕਾਲੇ ਪਾਣੀ ਪਿੰਜਰਾਂ ਬੰਦ ਕੈਦਾਂ ਕੱਟੀਆਂ। ਫਾਂਸੀ ਦੇ ਰੱਸੇ ਚੁੰਮੇ। ਤੁਹਾਡਾ ਸਿਰ ਉਨ੍ਹਾਂ ਅੱਗੇ ਝੁਕਦਾ ਹੈ ਭਾਵੇਂ ਤੁਸੀਂ ਕਿਸੇ ਵੀ ਸਿਆਸੀ ਸਿਧਾਂਤ ਨੂੰ ਮੰਨਣ ਵਾਲੇ ਹੋ। ਪਹਿਲੀ ਨਵੰਬਰ ਹਰ ਸਾਲ ਅਸੀਂ ਉਨ੍ਹਾਂ ਨੂੰ ਯਾਦ ਕਰਦੇ ਹਾਂ। ਉਨ੍ਹਾਂ ਦੀ ਯਾਦ ਵਿਚ ਇਕ ਮੇਲਾ ਲਗਦਾ ਹੈ, ਜੋ ਇਕ ਲਾਸਾਨੀ ਮੇਲਾ ਹੈ। ਸਵਾਲ ਪੈਦਾ ਹੁੰਦਾ ਹੈ ਕੀ ਅੱਜ ਉਹ ਸੂਰਮੇ ਨਹੀਂ ਹਨ ? ਸਾਡੇ ਆਲੇ-ਦੁਆਲੇ ਜਿਹੜਾ ਜ਼ਿੰਦਗੀ ਦਾ ਗਲਾ ਘੁਟਿਆ ਜਾ ਰਿਹਾ ਹੈ, ਉਹਨੂੰ ਬਚਾਉਣ ਲਈ ਲੋਕ ਨਹੀਂ ਹਨ ?

ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਅੱਜ ਵੀ ਉਹ ਲੋਕ ਜ਼ਰੂਰ ਹਨ ਜੋ ਆਪਣੀਆਂ ਖ਼ੁਸ਼ੀਆਂ ਅਤੇ ਆਰਾਮ ਤਿਆਗ ਕੇ ਜ਼ਿੰਦਗੀ ਨਾਲ ਇਨਸਾਫ਼ ਕਰਨਾ ਚਾਹੁੰਦੇ ਹਨ ਪਰ ਮਸਲਾ ਇਹ ਹੈ ਕਿ ਉਨ੍ਹਾਂ ਨੂੰ ਰਾਹ ਨਹੀਂ ਲੱਭ ਰਿਹਾ ਕਿ ਉਹ ਸਭ ਕੁੱਝ ਕਿਸ ਤਰ੍ਹਾਂ ਕਰਨ ? ਤੁਸੀਂ ਆਪਣੇ ਸਿਧਾਂਤ ਅਨੁਸਾਰ ਕਿਸੇ ਸਿਆਸੀ ਪਾਰਟੀ ਵਿਚ ਸ਼ਾਮਿਲ ਹੋ ਕੇ ਇਹ ਕਰ ਸਕਦੇ ਹੋ ਪਰ ਅਸਲੀਅਤ ਇਹ ਹੈ ਕਿ ਚੋਣਾਂ ਦੀ ਲੜਾਈ ਨੇ ਲੋਕਾਂ ਨੂੰ ਵੰਡ ਦਿੱਤਾ ਹੈ। ਆਜ਼ਾਦੀ ਦੀ ਲੜਾਈ ਵੇਲੇ ਤੁਹਾਡੇ ਵਿਚਾਰਾਂ ਵਿਚ ਵਖਰੇਵਾਂ ਹੁੰਦਾ ਸੀ ਪਰ ਇਕ ਗੱਲ ਸਾਂਝੀ ਸੀ ਕਿ ਦੇਸ਼ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਵਾਉਣਾ ਹੈ। ਤੁਸੀਂ ਸੜਕਾਂ 'ਤੇ ਆਉਂਦੇ ਸੀ, ਲਾਠੀਆਂ ਖਾਂਦੇ ਸੀ, ਗੋਲੀਆਂ ਖਾਂਦੇ ਸੀ, ਪਰ ਹੁਣ ਉਹ ਸਾਂਝਾ ਨਿਸ਼ਾਨਾ ਨਹੀਂ ਹੈ। ਇਸੇ ਕਰਕੇ ਸੰਘਰਸ਼ ਧੁੰਦਲਾ ਪੈ ਜਾਂਦਾ ਹੈ। ਇਸੇ ਲਈ ਇਸ ਬਾਰੇ ਵਧੇਰੇ ਗੰਭੀਰਤਾ ਨਾਲ ਸੋਚਣਾ ਬਣਦਾ ਹੈ।

ਤੁਸੀਂ ਚਾਹੁੰਦੇ ਹੋ, ਦੇਸ਼ ਵਿਚ ਬੇਰੁਜ਼ਗਾਰੀ ਦੂਰ ਹੋਵੇ ਜੇਕਰ ਰੋਜ਼ਗਾਰ ਨਹੀਂ ਤਾਂ ਬੇਰੁਜ਼ਗਾਰੀ ਦਾ ਭੱਤਾ ਮਿਲੇ। ਇਹ ਸਾਰੇ ਨੌਜਵਾਨਾਂ ਨੂੰ ਮਿਲਣਾ ਚਾਹੀਦਾ ਹੈ। ਪਰ ਇਹ ਮੰਗ ਜੇਕਰ ਕਮਿਊਨਿਸਟ ਧਿਰ ਦੀ ਨੌਜਵਾਨ ਸਭਾ ਵੱਲੋਂ ਆਉਂਦੀ ਹੈ ਤਾਂ ਗੈਰ ਕਮਿਊਨਿਸਟ ਸੋਚ ਵਾਲੇ ਉਹਦੀ ਹਾਮੀ ਨਹੀਂ ਭਰਦੇ ਕਿਉਂਕਿ ਉਨ੍ਹਾਂ ਨੂੰ ਖ਼ਤਰਾ ਹੈ ਕਿ ਇਹ ਮੰਗ ਜਿਨ੍ਹਾਂ ਵੱਲੋਂ ਉੱਠੀ ਹੈ, ਉਹ ਕੁਰਸੀ ਸਾਂਭਣਾ ਚਾਹੁੰਦੇ ਹਨ। ਸਾਂਝੀ ਮੰਗ ਹੈ ਪਰ ਸਾਂਝਾ ਸੰਘਰਸ਼ ਨਹੀਂ। ਇਕ ਮਾਯੂਸੀ ਜਾਂ ਬੇਗਾਨਗੀ ਦਾ ਅਹਿਸਾਸ ਫ਼ੈਲ ਗਿਆ ਹੈ। ਇਹ ਬੇਗਾਨਗੀ ਜਾਂ ਲਾਤੁਅਲਕੀ ਆਪਣੇ ਆਪ ਤੋਂ ਵੀ ਹੈ ਅਤੇ ਸਮੁੱਚੇ ਸਮਾਜ ਤੋਂ ਵੀ ਹੈ। ਜ਼ਿੰਦਗੀ ਆਪਣੇ ਆਪ ਇਕ ਸੰਕਟ ਵਿਚ ਹੈ। ਦੇਸ਼ ਨੂੰ ਉਸ ਲੀਡਰਸ਼ਿਪ ਦੀ ਜ਼ਰੂਰ ਲੋੜ ਹੈ, ਜੋ ਮਹਾਤਮਾ ਗਾਂਧੀ , ਭਗਤ [illegible] ਪ੍ਰਕਾਸ਼ ਨਰਾਇਣ ਦੀ ਤਰ੍ਹਾਂ ਸਮੁੱਚੇ ਲੋਕਾਂ ਦੀ ਵਿਸ਼ਵਾਸਪਾਤਰ ਹੋਵੇ। ਉਹਦੀ ਅਗਵਾਈ ਵਿਚ ਇਕ ਲਹਿਰ ਚਲ ਸਕਦੀ ਹੈ ਜਿਹੜੀ ਨਾਅਰਾ ਦੇਵੇ ਕਿ ਸਾਨੂੰ ਕੁਰਸੀ ਦੀ ਲੋੜ ਨਹੀਂ ਪਰ ਅਸੀਂ ਕੁਰਸੀ 'ਤੇ ਬੈਠਿਆਂ ਨੂੰ ਮਜਬੂਰ ਕਰਾਂਗੇ ਕਿ ਸਾਨੂੰ ਚੰਗੀ ਜ਼ਿੰਦਗੀ ਦੇਵੋ। ਅਸੀਂ ਇਹ ਸਾਬਤ ਕਰਾਂਗੇ ਕਿ ਅਸੀਂ ਲੋਕ ਭਲਾਈ ਦੀ ਗੱਲ ਕੁਰਸੀ ਹਾਸਲ ਕਰਨ ਲਈ ਨਹੀਂ ਕਰ ਰਹੇ। ਇਹ ਸਾਡਾਂ ਇਸ਼ਟ ਹੈ। ਜੇ ਕੁਰਸੀ 'ਤੇ ਵੀ ਬੈਠਾਂਗੇ ਤਾਂ ਇਹ ਚੌਧਰ ਲਈ ਨਹੀਂ ਬੈਠਾਂਗੇ, ਸਗੋਂ ਇਹ ਲੋਕ ਭਲਾਈ ਦੀ ਜ਼ਿੰਮੇਵਾਰੀ ਨਿਭਾਉਣ ਲਈ ਬੈਠਾਂਗੇ। ਲੋਕ ਭਲਾਈ ਦੀ ਗੱਲ ਕੋਈ ਹਵਾ ਵਿਚ ਗੱਲ ਨਹੀਂ, ਇਹ ਅੱਜ ਦੇ ਯੁੱਗ ਵਿਚ ਬਰਾਬਰੀ ਦੇ ਸਮਾਜ ਦੀ ਗੱਲ ਹੈ, ਸਮਾਜਕ ਨਿਆਂ ਦੀ ਗੱਲ ਹੈ। ਇਹ ਗੱਲਾਂ ਅੱਜ ਦੇ ਸੰਦਰਭ ਵਿਚ ਆਦਰਸ਼ਕ ਲਗਦੀਆਂ ਹਨ ਪਰ ਸਾਨੂੰ ਭੁੱਲਣਾ ਨਹੀਂ ਚਾਹੀਦਾ ਕਿ ਦਹਿਕਦੇ ਅੰਗਾਰਿਆਂ 'ਤੇ ਗਾਉਣਾ ਜਿਨ੍ਹਾਂ ਚੁਣਿਆ ਸੀ, ਉਨ੍ਹਾਂ ਨੇ ਇਹ ਆਦਰਸ਼ ਅਪਣਾਏ ਸਨ। ਚੋਣਾਂ ਜਮਹੂਰੀਅਤ ਦੇ ਅਮਲ ਦਾ ਜ਼ਰੂਰੀ ਅੰਗ ਹਨ ਪਰ ਇਹ ਵੀ ਸਚਾਈ ਹੈ ਕਿ ਇਹ ਸਾਂਝੇ ਲੋਕ ਸੰਘਰਸ਼ਾਂ ਵਿਚ ਵਿਘਨ ਪਾਉਂਦੀਆਂ ਹਨ। ਲੋਕਾਂ ਨੂੰ ਖਾਹਮ ਖਾਹ ਵੰਡਦੀਆਂ ਹਨ। ਕੁੱਝ ਸਾਲ ਪਹਿਲਾਂ ਪੰਜਾਬ ਵਿਚ ਭਾਰਤੀ ਕਿਸਾਨ ਯੂਨੀਅਨ ਦੇ ਝੰਡੇ ਥੱਲੇ ਕਿਸਾਨਾਂ ਦੀ ਇਕ ਲਹਿਰ ਚਲੀ। ਸਿਆਸੀ ਸੂਝ ਰੱਖਣ ਵਾਲੇ ਲੋਕ ਭਾਵੇਂ ਪਹਿਲੇ ਹੀ ਜਾਣਦੇ ਸਨ ਕਿ ਇਹ ਲਹਿਰ ਸਿਧਾਂਤ ਤੋਂ ਕੋਰੀ ਹੈ, ਇਸ ਲਈ ਕਾਮਯਾਬ ਨਹੀਂ ਹੋ ਸਕਦੀ ਪਰ ਉਸ ਲਹਿਰ ਨੇ ਚੋਣਾਂ ਦੀ ਲੋਕਾਂ ਵਿਚ ਦੁਫਾੜ ਪਾਉਣ ਦੀ ਸਮਰੱਥਾ ਨੂੰ ਜ਼ਰੂਰ ਪਹਿਚਾਣਿਆ ਸੀ ਅਤੇ ਇਹ ਗੱਲ ਆਖੀ ਕਿ ਉਸ ਲਹਿਰ ਦਾ ਕੋਈ ਅਹੁਦੇਦਾਰ ਚੋਣਾਂ ਨਹੀਂ ਲੜੇਗਾ ਅਤੇ ਕਿਸੇ ਸਥਾਪਤ ਸਿਆਸੀ ਪਾਰਟੀ ਦੀ ਇਸ ਲਹਿਰ ਵਿਚ ਦਖ਼ਲ ਅੰਦਾਜ਼ੀ ਨਹੀਂ ਹੋਵੇਗੀ। ਉਹ ਲਹਿਰ ਜੇਕਰ ਆਪਣੀ ਲੀਡਰਸ਼ਿਪ ਉੱਤੇ ਪਹਿਰੇਦਾਰੀ ਕਰਦੀ ਤਾਂ ਉਹ ਕਾਮਯਾਬ ਹੋ ਸਕਦੀ ਸੀ ਅਤੇ ਅੱਜ ਜਿਹੜੀ ਕਿਸਾਨਾਂ ਦੀ ਖੱਜਲ-ਖੁਆਰੀ ਹੋ ਰਹੀ ਹੈ, ਉਸ ਤੋਂ ਬਚਿਆ ਜਾ ਸਕਦਾ ਸੀ। ਮੰਡੀਆਂ ਵਿਚ ਜੇਕਰ ਕਿਸਾਨਾਂ ਦੀ ਲੁੱਟ ਅਤੇ ਬੇਇਜ਼ਤੀ ਨਾ ਹੋਵੇ ਤਾਂ ਘਰਾਂ ਵਿਚ ਖ਼ੁਸ਼ੀ ਆਉਂਦੀ ਹੈ। ਇਹ ਗੱਲਾਂ ਆਦਰਸ਼ਕ ਲਗਦੀਆਂ ਹਨ ਪਰ ਰਾਹ ਲੱਭਣਾ ਹੀ ਪੈਣਾ ਹੈ। ਸਾਰਾ ਸਮਾਜਿਕ ਢਾਂਚਾ ਗ਼ਲਤ ਹੈ ਤਾਂ ਬਾਹਵਾਂ ਖੜ੍ਹੀਆਂ ਕਰਨ ਨਾਲ ਤਾਂ ਗੁਜ਼ਾਰਾ ਨਹੀਂ ਹੋਣਾ।

ਸਮਾਜਿਕ ਇਨਸਾਫ਼ ਲਈ ਸੜਕਾਂ 'ਤੇ ਆਉਣਾ ਹੀ ਪੈਣਾ ਹੈ। ਇਹਦੇ ਲਈ ਲੋਕ ਏਕਤਾ ਜ਼ਰੂਰੀ ਹੈ। ਚੋਣਾਂ ਵਾਲਾ ਅਮਲ ਤਾਂ ਚਲਦਾ ਹੀ ਰਹਿਣਾ ਹੈ ਪਰ ਲੋਕ ਚੇਤੰਨ ਹੋਣ ਤਾਂ ਇਹ ਅਮਲ ਉਨ੍ਹਾਂ ਵਿਚ ਦੁਫੇੜ ਨਹੀਂ ਪਾ ਸਕਦਾ। ਕਿਸਾਨ, ਕਿਸਾਨ ਹੀ ਹੈ, ਭਾਵੇਂ ਕਮਿਊਨਿਸਟ ਹੋਵੇ, ਅਕਾਲੀ ਹੋਵੇ, ਕਾਂਗਰਸੀ ਹੋਵੇ। ਉਹਦੀਆਂ ਦੁੱਖ-ਤਕਲੀਫ਼ਾਂ ਸਾਂਝੀਆਂ ਹਨ। ਸਾਂਝਾ ਸੰਘਰਸ਼ ਹੀ ਉਨ੍ਹਾਂ ਤਕਲੀਫ਼ਾਂ ਨੂੰ ਦੂਰ ਕਰ ਸਕਦਾ ਹੈ। ਇਸੇ ਤਰ੍ਹਾਂ ਖੇਤ ਮਜ਼ਦੂਰਾਂ ਦੀ ਗੱਲ ਹੈ ਹੋਰ ਮਿਹਨਤਕਸ਼ਾਂ ਦੀ ਗੱਲ ਹੈ।

ਹਰ ਵਰਗ ਦੀ ਇਕ ਸਾਂਝੀ ਜਥੇਬੰਦੀ ਸਮੇਂ ਦੀ ਲੋੜ ਹੈ। ਇਹਦੇ ਲਈ ਲੋਕਾਂ ਵੱਲੋਂ ਆਵਾਜ਼ ਉੱਠਣੀ ਚਾਹੀਦੀ ਹੈ। ਸਾਨੂੰ ਸਮੇਂ ਦੀ ਆਵਾਜ਼ ਪਹਿਚਾਨਣੀ ਚਾਹੀਦੀ ਹੈ।

ਭਗਤ ਸਿੰਘ, ਜੈ ਪ੍ਰਕਾਸ਼